ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਮਿਤੀ:06.09.2022 ਨੂੰ ਡਾ. ਨਯਨ, ਪੀ.ਸੀ.ਐਸ ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ: | ਤਜ਼ਵੀਜ਼ | ਹੁਕਮ ਨੰ: | ਫੈਸਲਾ |
|---|---|---|---|
| 1 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ, ਕਿ ਨਗਰ ਨਿਗਮ, ਫਗਵਾੜਾ ਅਧੀਨ ਤਕਰੀਬਨ 112 ਗਰੀਨ ਏਰੀਏ ਹਨ। ਕਿਉਂ ਜੋ ਨਗਰ ਨਿਗਮ ਪਾਸ ਇਹਨਾਂ ਗਰੀਨ ਏਰੀਏ ਦੀ ਰੱਖ-ਰਖਾਵ ਲਈ ਜ਼ਰੂਰਤ ਅਨੁਸਾਰ ਉਚਿਤ ਮੈਨਪਾਵਰ ਨਹੀਂ ਹੈ। ਇਸ ਲਈ ਇਹਨਾਂ ਪਾਰਕਾਂ ਵਿੱਚ ਘਾਹ ਅਤੇ ਸਾਫ-ਸਫਾਈ ਦਾ ਉਚਿਤ ਸਮਾਧਾਨ ਨਹੀਂ ਹੋ ਪਾ ਰਿਹਾ ਹੈ। ਇਸ ਲਈ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਤਜਵੀਜ਼ ਹੈ ਕਿ ਸ਼ਹਿਰ ਅਧੀਨ ਆਉਂਦੀਆਂ ਪਾਰਕਾਂ ਨੂੰ ਸਰਕਾਰ ਵੱਲੋਂ ਮਿਤੀ 11/05/2017 ਦੇ ਹੋਏ ਨੋਟੀਫਿਕੇਸ਼ਨ ਮੁਤਾਬਿਕ ਇਹ ਪਾਰਕਾਂ ਚਾਹਵਾਨ ਰੈਜ਼ੀਡੰਟ ਵੈਲਫੇਅਰ ਐਸੋਸਿਏਸ਼ਨ ਨੂੰ ਰੱਖ-ਰਖਾਵ ਲਈ ਦਿੱਤੀਆਂ ਜਾ ਸਕਦੀਆਂ ਹਨ। ਪਾਲਿਸੀ ਅਨੁਸਾਰ ਪ੍ਰਤੀ ਪਾਰਕ 2.50 Sq.Meter per Month RWA's ਨੂੰ ਨਿਰਧਾਰਿਤ ਐਗਰੀਮੈਂਟ ਤੋਂ ਬਾਅਦ ਰੱਖ-ਰਖਾਵ ਲਈ ਹੈਂਡ-ਓਵਰ ਕਰਨ ਹਿੱਤ ਨਗਰ ਨਿਗਮ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ।<br>ਇੱਥੇ ਇਹ ਦੱਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟਿਫਿਕੇਸ਼ਨ ਨੰ: 5/71/2017/MEO/DA/334 ਮਿਤੀ 23 ਮਾਰਚ, 2020 ਰਾਹੀਂ ਨਗਰ ਨਿਗਮ ਹਾਉਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ ਨੂੰ ਦੇ ਦਿੱਤੀਆਂ ਹਨ। ਇਸ ਲਈ ਉਕਤ ਅਨੁਸਾਰ ਕੰਮ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | 46 | **As per recommendation of Superintendent Engineering, the proposal is approved**<br><br>ਸਹੀ/–<br>ਕਮਿਸ਼ਨਰ/ਪ੍ਰਸ਼ਾਸਕ |
| 2 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਕਿ ਨਗਰ ਨਿਗਮ ਫਗਵਾੜਾ ਪਾਸ ਸ਼ਹਿਰ ਦੇ ਸੀਵਰੇਜ ਦੀ ਸਾਫ-ਸਫਾਈ ਕਰਨ ਲਈ ਲੋੜੀਂਦੀ ਮਸ਼ੀਨਰੀ ਨਹੀਂ ਹੈ। ਇਸ ਕਾਰਨ ਰੋਜਾਨਾ ਤੌਰ ਤੇ ਸੀਵਰੇਜ ਬਲਾਕ ਦੀ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਰਹਿੰਦੀਆਂ ਹਨ। ਮਸ਼ੀਨਰੀ ਨਾ ਹੋਣ ਕਾਰਨ ਸਮੇਂ-ਸਿਰ ਸ਼ਿਕਾਇਤਾਂ ਦਾ ਹੱਲ ਕਰਨ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ। ਇਸ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਫਗਵਾੜਾ ਦੀ ਓ. ਅਤੇ ਐਮ. ਸ਼ਾਖਾ ਵੱਲੋਂ ਸ਼ਹਿਰ ਦੇ ਸੀਵਰੇਜ ਦੀ ਵੱਖ-ਵੱਖ ਸਾਈਜ਼ ਦੀ ਲਾਈਨਾਂ ਨੂੰ ਸੁਪਰ ਸੱਕਰ ਮਸ਼ੀਨ ਨਾਲ ਮੁਕੰਮਲ ਸਫਾਈ ਕਰਵਾਉਣ ਦੀ ਤਜਵੀਜ਼ ਹੈ। ਇਸ ਲਈ ਹੇਠ ਅਨੁਸਾਰ ਤਖਮੀਨਾ ਤਿਆਰ ਕੀਤਾ ਗਿਆ ਹੈ:-<br><br>**Sr.No.** / **Name of Work** / **Est. Amt. (Lacs.)**<br>1 / Desilting of Sewer lines in Phagwara city with Super Sucker Machine / 55.71<br><br>ਉਪਰੋਕਤ ਨੂੰ ਮੁੱਖ ਰੱਖਦੇ ਹੋਏ ਕੰਮ ਨੂੰ ਕਰਵਾਉਣ ਲਈ ਨਗਰ ਨਿਗਮ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟਿਫਿਕੇਸ਼ਨ ਨੰ: 5/71/2017/MEO/DA/334 ਮਿਤੀ 23 ਮਾਰਚ, 2020 ਰਾਹੀਂ ਨਗਰ ਨਿਗਮ ਹਾਉਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ ਨੂੰ ਦੇ ਦਿੱਤੀਆਂ ਹਨ। ਇਸ ਲਈ ਉਕਤ ਅਨੁਸਾਰ ਕੰਮ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | 47 | **As per recommendation of S.E the proposal is approved**<br><br>ਸਹੀ/–<br>ਕਮਿਸ਼ਨਰ/ਪ੍ਰਸ਼ਾਸਕ |

<table>
<tr><td>3</td><td>ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਕਿ ਫਗਵਾੜਾ ਸ਼ਹਿਰ ਵਿੱਚ ਪਾਰਕਾਂ ਦੀ ਸਾਂਭ-ਸੰਭਾਲ ਕਰਨ ਲਈ ਬਾਗਬਾਨੀ ਸ਼ਾਖਾ ਵੱਲੋਂ ਹੇਠ ਲਿਖੇ ਕੰਮ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ:-<br><br><table><tr><th>Sr.No.</th><th>Name of Work</th><th>Est. Amt. (Lacs.)</th></tr><tr><td>1</td><td>Purchase of Grass cutting machines for Horticulture Branch</td><td>2.00</td></tr></table><br>ਉਪਰੋਕਤ ਨੂੰ ਮੁੱਖ ਰੱਖਦੇ ਹੋਏ ਕੰਮ ਨੂੰ ਕਰਵਾਉਣ ਲਈ ਨਗਰ ਨਿਗਮ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟਿਫਿਕੇਸ਼ਨ ਨੰ: 5/71/2017/MEO/DA/334 ਮਿਤੀ 23 ਮਾਰਚ, 2020 ਰਾਹੀਂ ਨਗਰ ਨਿਗਮ ਹਾਉਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ ਨੂੰ ਦੇ ਦਿੱਤੀਆਂ ਹਨ। ਇਸ ਲਈ ਉਕਤ ਅਨੁਸਾਰ ਕੰਮ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।</td><td>48</td><td>As per recommendation of Superintendent Engineering, the proposal is approved<br><br>ਸਹੀ/–<br>ਕਮਿਸ਼ਨਰ/ਪ੍ਰਸ਼ਾਸਕ</td></tr>
<tr><td>4</td><td>ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ, ਕਿ ਟਿੱਪਰ ਨੰ: PB 08 EN 4992 (ਹੈਲਥ ਬ੍ਰਾਂਚ) ਜੋ ਸ਼ਹਿਰ ਵਿਚੋਂ ਕੂੜਾ ਚੁੱਕਣ ਦਾ ਕੰਮ ਕਰਦਾ ਹੈ, ਖਰਾਬ ਹੋ ਚੁੱਕਾ ਹੈ ਜਿਸ ਦੀ ਰਿਪੇਅਰ ਕਰਵਾਉਣੀ ਬਹੁਤ ਜ਼ਰੂਰੀ ਹੈ। ਰਿਪੇਅਰ ਰਜਿਸਟਰ ਚੈੱਕ ਕਰਨ ਉਪਰੰਤ ਪਾਇਆ ਗਿਆ ਕਿ ਇਸ ਟਿੱਪਰ ਦੀ ਕੋਈ ਮੇਜਰ ਰਿਪੇਅਰ ਤੇ ਸਰਵਿਸ ਪਿਛਲੇ 3 ਸਾਲਾਂ ਦੌਰਾਨ ਨਹੀਂ ਹੋਈ ਹੈ। ਇਹ ਟਿੱਪਰ ਰਿਪੇਅਰ ਕਰਵਾਉਣ ਵਾਸਤੇ ਮੈਸਰਜ਼ ਟਾਟਾ ਮੋਟਰਜ਼ ਦੀ ਆਥੋਰਾਈਜ਼ਡ ਏਜੰਸੀ ਕਾਰਗੋ ਮੋਟਰਜ਼ ਪ੍ਰਾਈਵੇਟ ਲਿਮ., ਜਲੰਧਰ ਪਾਸ ਭੇਜਿਆ ਗਿਆ ਸੀ। ਉਨ੍ਹਾਂ ਵੱਲੋਂ ਐਸਟੀਮੇਸ਼ਨ ਤਿਆਰ ਕਰਕੇ ਭੇਜਿਆ ਗਿਆ ਹੈ ਜਿਸ ਤੇ ਲਗਭਗ 2,04,529/- ਰੁਪਏ ਖਰਚਾ ਆਉਣ ਦੀ ਸੰਭਾਵਨਾ ਹੈ। ਇਸ ਲਈ ਜੇਕਰ ਯੋਗ ਹੋਵੇ ਤਾਂ ਟਿੱਪਰ ਨੰ: PB 08 EN 4992 ਦੀ ਰਿਪੇਅਰ ਦਾ ਕੰਮ ਕਰਵਾਉਣ ਉਪਰੰਤ ਕੰਪਨੀ ਨੂੰ ਬਣਦੀ ਰਕਮ ਦੇਣ ਲਈ ਨਗਰ ਨਿਗਮ ਫਗਵਾੜਾ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ।</td><td>49</td><td>As per recommendation of S.E, the proposal is approved<br><br>ਸਹੀ/–<br>ਕਮਿਸ਼ਨਰ/ਪ੍ਰਸ਼ਾਸਕ</td></tr>
</table>

<table>
<tr>
<td>5</td>
<td>ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ, ਕਿ ਨਗਰ ਨਿਗਮ ਫਗਵਾੜਾ ਦੀ ਹਦੂਦ ਵਿੱਚ ਕਈ ਨਵੇਂ ਏਰਿਏ ਵਿਕਸਿਤ ਹੋਏ ਹਨ। ਜਿਹਨਾਂ ਵਿੱਚ ਅਜੇ ਸਟਰੀਟ ਲਾਇਟ ਦੀ ਕੋਈ ਪ੍ਰੋਵੀਜਨ ਨਹੀ ਹੈ। ਇਸ ਤੋਂ ਇਲਵਾ ਪੁਰਾਨੇ ਇਲਾਕਿਆ ਵਿੱਚ ਵੀ ਕਾਫੀ ਡਾਰਕ ਸਪਾਟ ਹਨ। ਜਿਸ ਨਾਲ ਆਏ ਦਿਨ ਕਿਸੇ ਨਾ ਕਿਸੇ ਅਣ-ਸੁਖਾਵੀ ਘੱਟਨਾ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਸ ਲਈ ਇਹਨਾਂ ਏਰਿਆ ਦਾ ਨਗਰ ਨਿਗਮ ਦੇ ਸਟਾਫ ਵੱਲੋ ਸਰਵੇ ਕੀਤਾ ਗਿਆ ਅਤੇ ਲੋੜ ਅਨੁਸਾਰ ਨਵੇ ਪੁਆਇੰਟ ਲਗਾਉਣ ਦੀ ਲੋੜ ਮਹਿਸੁਸ ਕੀਤੀ ਗਈ। ਜਿਸ ਸਬੰਧੀ ਸਮੂਹ ਸ਼ਹਿਰ ਦੇ ਮੋਹਤਵਾਰਾ ਵੱਲੋ ਵੀ ਬਾਰ ਬਾਰ ਕਿਹਾ ਗਿਆ ਹੈ। ਇਸ ਲਈ ਉਪਰੋਕਤ ਨੂੰ ਮੁੱਖ ਰਖਦੇ ਹੋਏ ਨਵੇਂ ਪੁਆਇੰਟਾਂ ਲਈ ਇੱਕ ਤਜਵੀਜ ਅਤੇ ਤਖਮੀਨਾ ਤਿਆਰ ਕੀਤਾ ਗਿਆ ਹੈ।
<table>
<tr><th>Sr.No.</th><th>Name of Work</th><th>Est. Amt. (Lacs.)</th></tr>
<tr><td>1</td><td>Supply and Erection of LED Street Light in Various Ward of MC Phagawara</td><td>48.00</td></tr>
</table>
ਉਪਰੋਕਤ ਨੂੰ ਮੁੱਖ ਰੱਖਦੇ ਹੋਏ ਕੰਮ ਨੂੰ ਕਰਵਾਉਣ ਲਈ ਨਗਰ ਨਿਗਮ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟਿਫਿਕੇਸ਼ਨ ਨੰ: 5/71/2017/MEO/DA/334 ਮਿਤੀ 23 ਮਾਰਚ, 2020 ਰਾਹੀਂ ਨਗਰ ਨਿਗਮ ਹਾਉਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ ਨੂੰ ਦੇ ਦਿੱਤੀਆਂ ਹਨ। ਇਸ ਲਈ ਉਕਤ ਅਨੁਸਾਰ ਕੰਮ ਨਗਰ ਨਿਗਮ ਫਗਵਾੜਾ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ।</td>
<td>50</td>
<td>As per recommendation of S.E, the proposal is approved<br><br>ਸਹੀ/-<br>ਕਮਿਸ਼ਨਰ/ਪ੍ਰਸ਼ਾਸਕ</td>
</tr>
<tr>
<td>6</td>
<td>ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ, ਕਿ ਫਗਵਾੜਾ ਸ਼ਹਿਰ ਵਿੱਚ ਵਿਕਾਸ ਦੇ ਕੰਮ ਕਰਵਾਉਣ ਲਈ ਇੰਜੀਨੀਅਰਿੰਗ ਸ਼ਾਖਾ ਵੱਲੋਂ ਹੇਠ ਲਿਖੇ ਕੰਮਾਂ ਦੇ ਤਖਮੀਨੇ ਤਿਆਰ ਕੀਤੇ ਗਏ ਹਨ:-
<table>
<tr><th>Sr.No.</th><th>Name of Work</th><th>Est. Amt. (Lacs.)</th></tr>
<tr><td>1</td><td>Development of Park in vacant land near Baba Gadhia in M.C. Phagwara</td><td>98.00</td></tr>
<tr><td>2</td><td>Upgradation of Parks in M.C. Phagwara</td><td>47.00</td></tr>
</table>
ਉਪਰੋਕਤ ਨੂੰ ਮੁੱਖ ਰੱਖਦੇ ਹੋਏ ਕੰਮ ਨੂੰ ਕਰਵਾਉਣ ਲਈ ਨਗਰ ਨਿਗਮ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟਿਫਿਕੇਸ਼ਨ ਨੰ: 5/71/2017/MEO/DA/334 ਮਿਤੀ 23 ਮਾਰਚ, 2020 ਰਾਹੀਂ ਨਗਰ ਨਿਗਮ ਹਾਉਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ ਨੂੰ ਦੇ ਦਿੱਤੀਆਂ ਹਨ। ਇਸ ਲਈ ਉਕਤ ਅਨੁਸਾਰ ਕੰਮ ਨਗਰ ਨਿਗਮ ਫਗਵਾੜਾ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ।</td>
<td>51</td>
<td>As per recommendation of S.E, the proposal is approved<br><br>ਸਹੀ/-<br>ਕਮਿਸ਼ਨਰ/ਪ੍ਰਸ਼ਾਸਕ</td>
</tr>
</table>

| | | | |
|---|---|---|---|
| 7 | ਰਿਪੋਰਟ ਵੱਲੋਂ ਅਮਲਾ ਕਲਰਕ ਸਮੇਤ ਸਿਫਾਰਸ਼ ਅਮਲਾ ਸੁਪਰਡੰਟ, ਕਿ **ਮਿਸ ਭਾਵਨਾ**, ਨਗਰ ਨਿਗਮ ਫਗਵਾੜਾ ਵਿਖੇ ਬਤੌਰ ਸੇਵਾਦਾਰ, ਸੇਵਾ ਨਿਭਾ ਰਹੀ ਹੈ। ਇਸ ਕਰਮਚਾਰਣ ਦੀ ਸੇਵਾ ਪੱਤਰੀ ਅਨੁਸਾਰ ਨਿਯੁਕਤੀ ਦੀ ਮਿਤੀ 18-12-2018 ਹੈ ਅਤੇ ਵਿਦਿਅਕ ਯੋਗਤਾ ਬੀ.ਏ. (ਆਰਟਸ) ਪਾਸ ਹੈ। ਕਰਮਚਾਰਣ ਵੱਲੋਂ ਮਾਨਯੋਗ ਕਮਿਸ਼ਨਰ ਜੀ ਬੇਨਤੀ ਕੀਤੀ ਗਈ ਹੈ ਕਿ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਾਈਵੇਟ ਪੱਧਰ 'ਤੇ ਐਮ.ਏ. (2 ਸਾਲਾਂ ਦਾ ਕੋਰਸ) ਕਰਨਾ ਚਾਹੁੰਦੀ ਹੈ। ਕਰਮਚਾਰਣ ਵੱਲੋਂ ਆਪਣੇ ਬੇਨਤੀ ਪੱਤਰ ਵਿੱਚ ਲਿਖਿਆ ਗਿਆ ਹੈ ਕਿ ਉਹ ਪੜ੍ਹਾਈ ਸਬੰਧੀ ਕਿਸੇ ਵੀ ਖਰਚੇ ਦਾ ਕਲੇਮ ਵਿਭਾਗ ਪਾਸੋਂ ਨਹੀਂ ਕਰੇਗੀ।<br>ਉਕਤ ਨੂੰ ਮੁੱਖ ਰੱਖਦੇ ਹੋਏ ਕਰਮਚਾਰਣ ਦੀ ਬੇਨਤੀ ਹੇਠ ਦਰਸਾਈਆਂ ਸ਼ਰਤਾਂ ਤੇ ਪ੍ਰਵਾਨ ਕੀਤੀ ਜਾਣੀ ਵਾਜਿਬ ਹੋਵੇਗੀ ਜੀ:-<br>1. ਕਰਮਚਾਰਣ ਆਪਣੀ ਵਿੱਦਿਅਕ ਯੋਗਤਾ ਦੇ ਵਾਧੇ ਲਈ ਕਿਸੇ ਵੀ ਪ੍ਰਕਾਰ ਦੇ ਖਰਚੇ ਦਾ ਕਲੇਮ ਵਿਭਾਗ ਪਾਸੋਂ ਨਹੀਂ ਕਰੇਗੀ।<br>2. ਕਰਮਚਾਰਣ ਨੂੰ ਕੇਵਲ ਪ੍ਰੀਖਿਆ ਵਾਲੇ ਦਿਨ ਦੀ ਹੀ ਛੁੱਟੀ ਦਿੱਤੀ ਜਾਵੇਗੀ।<br>3. ਕਰਮਚਾਰਣ ਨੂੰ ਪ੍ਰੀਖਿਆ ਦੀ ਤਿਆਰੀ ਕਰਨ ਲਈ ਕੋਈ ਛੁੱਟੀ ਨਹੀਂ ਦਿੱਤੀ ਜਾਵੇਗੀ।<br>4. ਕਰਮਚਾਰਣ ਦਫਤਰੀ ਕੰਮ ਨੂੰ ਪਹਿਲ ਦੇਣ ਲਈ ਪਾਬੰਦ ਹੋਵੇਗੀ।<br>5. ਸਬੰਧਤ ਯੂਨੀਵਰਸਿਟੀ ਵੱਲੋਂ ਪ੍ਰੀਖਿਆ ਸਬੰਧੀ ਜਦੋਂ ਵੀ ਡੇਟ-ਸ਼ੀਟ ਜਾਰੀ ਹੋਵੇਗੀ, ਉਸ ਦੀ ਸੂਚਨਾ ਵਿਭਾਗ ਨੂੰ ਦੇਣ ਦੀ ਜਿੰਮੇਵਾਰੀ ਕਰਮਚਾਰਣ ਦੀ ਹੋਵੇਗੀ।<br>ਉਕਤ ਨੂੰ ਮੁੱਖ ਰੱਖਦੇ ਹੋਏ ਮਿਸ ਭਾਵਨਾ, ਸੇਵਾਦਾਰ ਨਗਰ ਨਿਗਮ ਫਗਵਾੜਾ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਾਈਵੇਟ ਐਮ.ਏ. (ਦੋ ਸਾਲਾਂ ਕੋਰਸ) ਕਰਨ ਲਈ ਨਗਰ ਨਿਗਮ ਫਗਵਾੜਾ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ। | 52 | **As per recommendation of Establishment Superintendent, the proposal is approved**<br><br>**ਸਹੀ/-**<br>**ਕਮਿਸ਼ਨਰ/ਪ੍ਰਸ਼ਾਸਕ** |
| 8 | ਰਿਪੋਰਟ ਵੱਲੋਂ ਅਮਲਾ ਕਲਰਕ ਸਮੇਤ ਸਿਫਾਰਸ਼ ਅਮਲਾ ਸੁਪਰਡੰਟ, ਕਿ **ਸ਼੍ਰੀ ਗੁਰਪ੍ਰੀਤ ਸਿੰਘ**, ਨਗਰ ਨਿਗਮ ਫਗਵਾੜਾ ਵਿਖੇ ਬਤੌਰ ਸੇਵਾਦਾਰ, ਸੇਵਾ ਨਿਭਾ ਰਿਹਾ ਹੈ। ਇਸ ਕਰਮਚਾਰੀ ਦੀ ਸੇਵਾ ਪੱਤਰੀ ਅਨੁਸਾਰ ਕਰਮਚਾਰੀ ਦੀ ਨਿਯੁਕਤੀ ਦੀ ਮਿਤੀ 18-05-2021 ਹੈ ਅਤੇ ਵਿਦਿਅਕ ਯੋਗਤਾ 12ਵੀਂ ਪਾਸ ਹੈ। ਕਰਮਚਾਰੀ ਵੱਲੋਂ ਮਾਨਯੋਗ ਕਮਿਸ਼ਨਰ ਜੀ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਾਈਵੇਟ ਪੱਧਰ 'ਤੇ ਬੀ.ਏ. (3 ਸਾਲਾਂ ਦਾ ਕੋਰਸ) ਕਰਨਾ ਚਾਹੁੰਦਾ ਹੈ। ਕਰਮਚਾਰੀ ਵੱਲੋਂ ਆਪਣੇ ਬੇਨਤੀ ਪੱਤਰ ਵਿੱਚ ਲਿਖਿਆ ਗਿਆ ਹੈ ਕਿ ਉਹ ਪੜ੍ਹਾਈ ਸਬੰਧੀ ਕਿਸੇ ਵੀ ਖਰਚੇ ਦਾ ਕਲੇਮ ਵਿਭਾਗ ਪਾਸੋਂ ਨਹੀਂ ਕਰੇਗਾ।<br>ਉਕਤ ਨੂੰ ਮੁੱਖ ਰੱਖਦੇ ਹੋਏ ਕਰਮਚਾਰਣ ਦੀ ਬੇਨਤੀ ਹੇਠ ਦਰਸਾਈਆਂ ਸ਼ਰਤਾਂ ਤੇ ਪ੍ਰਵਾਨ ਕੀਤੀ ਜਾਣੀ ਵਾਜਿਬ ਹੋਵੇਗੀ ਜੀ:-<br>1. ਕਰਮਚਾਰੀ ਆਪਣੀ ਵਿੱਦਿਅਕ ਯੋਗਤਾ ਦੇ ਵਾਧੇ ਲਈ ਕਿਸੇ ਵੀ ਪ੍ਰਕਾਰ ਦੇ ਖਰਚੇ ਦਾ ਕਲੇਮ ਵਿਭਾਗ ਪਾਸੋਂ ਨਹੀਂ ਕਰੇਗਾ।<br>2. ਕਰਮਚਾਰੀ ਨੂੰ ਕੇਵਲ ਪ੍ਰੀਖਿਆ ਵਾਲੇ ਦਿਨ ਦੀ ਹੀ ਛੁੱਟੀ ਦਿੱਤੀ ਜਾਵੇਗੀ।<br>3. ਕਰਮਚਾਰੀ ਨੂੰ ਪ੍ਰੀਖਿਆ ਦੀ ਤਿਆਰੀ ਕਰਨ ਲਈ ਕੋਈ ਛੁੱਟੀ ਨਹੀਂ ਦਿੱਤੀ ਜਾਵੇਗੀ।<br>4. ਕਰਮਚਾਰੀ ਦਫਤਰੀ ਕੰਮ ਨੂੰ ਪਹਿਲ ਦੇਣ ਲਈ ਪਾਬੰਦ ਹੋਵੇਗਾ।<br>5. ਸਬੰਧਤ ਯੂਨੀਵਰਸਿਟੀ ਵੱਲੋਂ ਪ੍ਰੀਖਿਆ ਸਬੰਧੀ ਜਦੋਂ ਵੀ ਡੇਟ-ਸ਼ੀਟ ਜਾਰੀ ਹੋਵੇਗੀ, ਉਸ ਦੀ ਸੂਚਨਾ ਵਿਭਾਗ ਨੂੰ ਦੇਣ ਦੀ ਜਿੰਮੇਵਾਰੀ ਕਰਮਚਾਰੀ ਦੀ ਹੋਵੇਗੀ।<br>ਉਕਤ ਨੂੰ ਮੁੱਖ ਰੱਖਦੇ ਹੋਏ ਸ਼੍ਰੀ ਗੁਰਪ੍ਰੀਤ ਸਿੰਘ, ਸੇਵਾਦਾਰ ਨਗਰ ਨਿਗਮ ਫਗਵਾੜਾ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਾਈਵੇਟ ਬੀ.ਏ. (ਤਿੰਨ ਸਾਲਾਂ ਕੋਰਸ) ਕਰਨ ਲਈ ਨਗਰ ਨਿਗਮ ਫਗਵਾੜਾ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ। | 53 | **As per recommendation of Establishment Superintendent, the proposal is approved**<br><br>**ਸਹੀ/-**<br>**ਕਮਿਸ਼ਨਰ/ਪ੍ਰਸ਼ਾਸਕ** |

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

| | | | |
|---|---|---|---|
| 9 | ਰਿਪੋਰਟਵੱਲੋਂਨਿਗਰਾਨਇੰਜੀਨੀਅਰ, ਕਿ ਨਗਰ ਨਿਗਮ ਫਗਵਾੜਾ ਪਾਸ ਸ਼ਹਿਰ ਦੇ ਸੀਵਰੇਜ ਦੀ ਸਾਫ-ਸਫਾਈ ਕਰਨ ਲਈ ਲੋੜੀਂਦੀ ਮਸ਼ੀਨਰੀ ਨਹੀਂ ਹੈ। ਇਸ ਕਾਰਨ ਰੋਜਾਨਾ ਤੌਰ ਤੇ ਸੀਵਰੇਜ ਬਲਾਕ ਦੀ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਰਹਿੰਦੀਆਂ ਹਨ। ਮਸ਼ੀਨਰੀ ਨਾ ਹੋਣ ਕਾਰਨ ਸਮੇਂ-ਸਿਰ ਸ਼ਿਕਾਇਤਾਂ ਦਾ ਹੱਲ ਕਰਨ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ। ਇਸ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਫਗਵਾੜਾ ਦੀ ਓ. ਅਤੇ ਐਮ. ਸ਼ਾਖਾ ਲਈ ਮਸ਼ੀਨਰੀ ਦੀ ਖਰੀਦ ਕਰਨ ਦੀ ਤਜਵੀਜ਼ ਹੈ। ਖਰੀਦ ਕੀਤੀ ਜਾਣ ਵਾਲੀ ਮਸ਼ੀਨਰੀ ਦੀ ਸੂਚੀ ਹੇਠ ਅਨੁਸਾਰ ਹੈ :-<br><br>Sr.No. \| Name of Work \| Est. Amt.(Rs.)<br>1. \| Purchase of Jetting cum Suction machine with capacity of 4000 Litre mounter on TATA/Ashok Leyland 9 TON GVW Suck chassi with cabin and with PTO \| 42.48<br>2. \| Purchase of 2 No. Sludge Engine \| 1.84<br>3. \| Purchase of 2 Nos. Desilter \| 16.00<br><br>ਉਪਰੋਕਤ ਨੂੰ ਮੁੱਖ ਰੱਖਦੇ ਹੋਏ ਕੰਮ ਨੂੰ ਕਰਵਾਉਣ/ਖਰੀਦ ਕਰਨ ਲਈ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟਿਫਿਕੇਸ਼ਨ ਨੰ: 5/71/2017/MEO/DA/334 ਮਿਤੀ 23 ਮਾਰਚ, 2020 ਰਾਹੀਂ ਨਗਰ ਨਿਗਮ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ ਨੂੰ ਦੇ ਦਿੱਤੀਆਂ ਹਨ। ਇਸ ਲਈ ਉਕਤ ਅਨੁਸਾਰ ਕੰਮ ਨਗਰ ਨਿਗਮਫਗਵਾੜਾਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | 54 | As per recommendation of S.E. the proposal is approved<br><br>ਸਹੀ/-<br>ਕਮਿਸ਼ਨਰ/ਪ੍ਰਸ਼ਾਸਕ |

ਤਸਦੀਕੀਕਾਪੀ

ਅਜੰਡਾ ਸੁਪਰਡੰਟ
ਨਗਰ ਨਿਗਮਫਗਵਾੜਾ